ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 1| Jan.-Mar. 2026

ISSN: 2583-9446 (O)
Paper Published Id: ARMN040106
Available online at: www.armaan.org.in
DOI: https://doi.org/10.64119/armaan.vol4.issue1.06

# ਕੋਰੋਨਾ ਕਾਲ ਦੀ ਸ੍ਰੇਸ਼ਠ ਰਚਨਾ 'ਪ੍ਰਭਾਤੀ ਤਾਰਾ'

# Korona Kaal Di Shreshth Rachna 'Prabhati Tara'

**ਡਾ. ਸੁਖਵਿੰਦਰ ਕੌਰ (Dr. Sukhwinder Kaur)**
ਅਸਿਸਟੈਂਟ ਪ੍ਰੋਫ਼ੈਸਰ ਅਤੇ ਮੁਖੀ ਪੰਜਾਬੀ ਵਿਭਾਗ (Assistant Professor & Head Dept. of Punjabi)
ਪੰਡਿਤ ਮੋਹਨ ਲਾਲ ਐੱਸ ਡੀ ਕਾਲਜ ਫ਼ਾਰ ਵੂਮੈਨ, ਗੁਰਦਾਸਪੁਰ (ਪੰਜਾਬ)
Email ID: drsukhwinderkaur2004@gmail.com ਮੋਬਾਈਲ: +91-73550-83007

*ਸਾਰ (Abstract)*

*ਯਸ਼ਪਾਲ ਸ਼ਰਮਾ ਦੁਆਰਾ ਰਚਿਤ ਨਾਟਕ 'ਪ੍ਰਭਾਤੀ ਤਾਰਾ' ਕੋਰੋਨਾ ਮਹਾਂਮਾਰੀ ਅਤੇ ਲਾਕਡਾਊਨ ਦੇ ਦੌਰਾਨ ਮਨੁੱਖੀ ਜੀਵਨ ਵਿੱਚ ਆਈਆਂ ਦੁਸ਼ਵਾਰੀਆਂ, ਖ਼ਾਸਕਰ ਨਿਮਨ ਵਰਗ ਦੀਆਂ 'ਕੁੱਲੀ, ਗੁੱਲੀ ਅਤੇ ਜੁੱਲੀ' ਵਰਗੀਆਂ ਬੁਨਿਆਦੀ ਲੋੜਾਂ ਦੇ ਸੰਕਟ ਨੂੰ ਬਾਖ਼ੂਬੀ ਪੇਸ਼ ਕਰਦਾ ਹੈ। ਨਾਟਕ ਦੀ ਮੁੱਖ ਪਾਤਰ ਤਾਰਾ ਇੱਕ ਹੋਣਹਾਰ ਅਤੇ ਸੂਝਵਾਨ ਲੜਕੀ ਹੈ, ਜੋ ਆਪਣੀ ਲਿਆਕਤ ਅਤੇ ਹਿੰਮਤ ਨਾਲ ਨਾ ਸਿਰਫ਼ ਘਰ ਦੀਆਂ ਆਰਥਿਕ ਮੁਸ਼ਕਲਾਂ ਦਾ ਹੱਲ ਕੱਢਦੀ ਹੈ, ਸਗੋਂ ਆਪਣੇ ਪਿਤਾ ਦੀਆਂ ਮਾੜੀਆਂ ਆਦਤਾਂ ਨੂੰ ਛੁਡਵਾ ਕੇ ਉਨ੍ਹਾਂ ਨੂੰ ਇੱਕ ਚੰਗੇ ਮਨੁੱਖ ਵਜੋਂ ਸਮਾਜ ਵਿੱਚ ਸਥਾਪਿਤ ਕਰਦੀ ਹੈ। ਉਹ ਸਰਕਾਰੀ ਸਕੂਲ ਵਿੱਚ ਪੜ੍ਹਦਿਆਂ ਆਪਣੇ ਸੁਪਨਿਆਂ ਨੂੰ ਸਾਕਾਰ ਕਰਕੇ ਸਮਾਜ ਲਈ ਇੱਕ 'ਰੋਲ ਮਾਡਲ' ਬਣਦੀ ਹੈ, ਜਿਸ ਕਾਰਨ ਆਲੇ-ਦੁਆਲੇ ਦੇ ਲੋਕ ਉਸ 'ਤੇ ਮਾਣ ਕਰਦੇ ਹਨ। ਮਾਝੇ ਦੇ ਇਲਾਕੇ ਪਠਾਨਕੋਟ ਦੀ ਆਂਚਲਿਕ ਭਾਸ਼ਾ ਅਤੇ ਪਾਤਰਾਂ ਦੇ ਸੁਭਾਅ ਅਨੁਸਾਰ ਅੰਗਰੇਜ਼ੀ-ਪੰਜਾਬੀ ਦਾ ਮਿਸ਼ਰਣ ਇਸ ਨਾਟਕ ਨੂੰ ਵਧੇਰੇ ਪ੍ਰਮਾਣਿਕ ਬਣਾਉਂਦਾ ਹੈ। ਰੰਗਮੰਚੀ ਪੱਖ ਤੋਂ ਇਹ ਨਾਟਕ ਆਪਣੀ ਸਾਦਗੀ, ਪ੍ਰਭਾਵਸ਼ਾਲੀ ਸੰਵਾਦਾਂ ਅਤੇ ਬੱਝਵੀਂ ਪੇਸ਼ਕਾਰੀ ਕਾਰਨ ਦਰਸ਼ਕਾਂ ਦੇ ਮਨਾਂ 'ਤੇ ਡੂੰਘੀ ਅਤੇ ਸਦੀਵੀ ਛਾਪ ਛੱਡਣ ਦੇ ਸਮਰੱਥ ਹੈ।*

*ਕੀਵਰਡ (Keyword):* *ਆਸ਼ਾਵਾਦੀ ਦ੍ਰਿਸ਼ਟੀਕੋਣ, ਸਮਾਜਿਕ ਕੁਰੀਤੀਆਂ, ਪ੍ਰਭਾਤੀ ਤਾਰਾ, ਕੋਰੋਨਾ ਕਾਲ, ਆਂਚਲਿਕਤਾ, ਨੈਤਿਕ ਪਰਿਵਰਤਨ।*

'ਪ੍ਰਭਾਤੀ ਤਾਰਾ' ਨਾਟਕ ਆਰਥਿਕ, ਰਾਜਨੀਤਿਕ ਅਤੇ ਸਭਿਆਚਾਰਕ ਪਰਿਸਥਿਤੀਆਂ ਨੂੰ ਸਮਾਜ ਦੀ ਪ੍ਰਸੰਗਿਕਤਾ ਵਿੱਚ ਸਥਿਤ ਰੱਖ ਕੇ ਆਸ਼ਾਭਾਵੀ ਪ੍ਰਤੀਕਾਂ ਰਾਹੀਂ ਸਿਰਜਿਆ ਗਿਆ ਹੈ। ਸੋ ਕਿਸੇ ਵੀ ਸਾਹਿਤ ਰਚਨਾ ਦਾ ਵਸਤੂ ਸੰਸਾਰ ਦਿਸਦਾ ਸੰਸਾਰ ਅਜਿਹਾ ਹੀ ਭਾਸਦਾ ਹੈ ਪ੍ਰੰਤੂ ਦਿਸਦੇ ਸੰਸਾਰ ਦੇ ਮਨੁੱਖਾਂ ਦੀਆਂ ਹੋਣੀਆਂ ਸਾਂਸਕ੍ਰਿਤਿਕ ਟੈਬੂਆ ਅਨੁਸਾਰ ਆਪਣਾ ਰੂਪ ਗ੍ਰਹਿਣ ਕਰਦੀਆਂ ਹਨ। ਪਰ ਸਾਹਿਤ ਕ੍ਰਿਤ ਦੇ ਪਾਤਰ ਰਚੇਤਾ ਦੀ ਕਲਪਨਾ ਸ਼ਕਤੀ ਦੀ ਮੁਥਾਜੀ ਰਾਹੀਂ ਰੂਪ ਅਖ਼ਤਿਆਰ ਕਰਦੇ ਹਨ। ਭਾਵੇਂ ਕਿ ਸਾਹਿਤ ਦੇ ਪਾਤਰ ਸਾਹਿਤਕਾਰ ਦੇ ਹੱਥਾਂ ਦੀਆਂ ਕਠਪੁਤਲੀਆਂ ਹੁੰਦੇ ਹਨ। ਪ੍ਰੰਤੂ ਕਠਪੁਤਲੀਆਂ ਹੁੰਦੇ ਹੋਏ ਵੀ ਕਵੀ ਤਰ੍ਹਾਂ ਦੇ ਕਿਰਦਾਰ ਨਿਭਾਉਂਦੇ ਹੋਏ ਵੀ ਦਰਸ਼ਕਾਂ ਦੀ ਰੂਹ ਨੂੰ ਹਲੂਣਦੇ ਹੋਏ ਕਿਸੇ ਨਾ ਕਿਸੇ ਨੁਕਤੇ ਤੋਂ ਗਿਆਨ ਵੰਡਦੇ ਹਨ। ਇਹ ਗਿਆਨ ਮਨੁੱਖ ਦੇ ਅੰਦਰ ਮਾਨਸਿਕ ਵਿਸ਼ਵਾਸ ਪੈਦਾ ਕਰਕੇ ਆਤਮਿਕ ਸ਼ਕਤੀ ਨੂੰ ਭਲੀਭਾਂਤ ਉਜਾਗਰ ਕਰਦਾ ਹੈ। ਹਥਲੀ ਨਾਟ -ਕ੍ਰਿਤ ਵੀ ਅਜਿਹੇ ਹੀ ਸਰੋਕਾਰਾਂ ਨੂੰ ਆਪਣੇ ਅੰਤਰੀਵ ਮਨੋਭਾਵਨਾਵਾਂ ਰਾਹੀਂ ਪਾਠਕਾਂ ਨੂੰ ਝੰਜੋੜ ਦੀ ਹੈ। ਯਸ਼ਪਾਲ ਸ਼ਰਮਾ ਜੀ ਦੀਆਂ ਕਿਰਤਾਂ ਤੋਂ ਉਹਨਾਂ ਦਾ ਪ੍ਰਤੀਬਿੰਬ ਭਲੀਭਾਂਤ ਉਜਾਗਰ ਹੁੰਦਾ ਹੈ। ਯਸ਼ਪਾਲ ਸ਼ਰਮਾ ਜੀ ਦੋਨਾਂ ਭਾਸ਼ਾਵਾਂ ਹਿੰਦੀ ਅਤੇ ਪੰਜਾਬੀ ਵਿੱਚ ਲੰਮੇ ਅਰਸੇ ਤੋਂ ਸਿਰਜਣਾ ਕਰਕੇ ਸਾਹਿਤ ਦੀ ਝੋਲੀ ਵਿੱਚ ਗੁਣਾਤਮਿਕ ਅਤੇ ਗਿਣਾਤਮਿਕ ਪੱਖੋਂ ਵਾਧਾ ਕਰ ਰਹੇ ਹਨ। 'ਪ੍ਰਭਾਤੀ ਤਾਰਾ' ਨਾਟ -ਕ੍ਰਿਤ ਤੋਂ ਪਹਿਲਾਂ, ਉਹ 20 ਕਿਤਾਬਾਂ ਜਿਵੇਂ ਕਿ ਨਾਵਲ, ਕਹਾਣੀ ਸੰਗ੍ਰਹਿ, ਕਾਵਿ -ਸੰਗ੍ਰਹਿ, ਯਾਤਰਾ, ਸੰਸਮਰਣ ਅਤੇ ਜੀਵਨੀ ਅਜਿਹੀਆਂ ਵਿਧਾਵਾਂ ਤੇ ਕਲਮ ਅਜ਼ਮਾ ਚੁੱਕੇ ਹਨ। ਉਹਨਾਂ ਦੀ ਹਰ ਰਚਨਾ ਭਾਵੇਂ ਕਿਸੇ ਵੀ ਵਿਧਾ ਵਿੱਚ ਰਚੀ ਗਈ ਹੈ। ਵਿਦਵਾਨਾਂ, ਆਲੋਚਕਾਂ ਅਤੇ ਪਾਠਕ- ਪ੍ਰੇਮੀਆਂ ਵੱਲੋਂ ਸਲਾਹੀਆਂ ਗਈਆਂ ਹਨ।

'ਪ੍ਰਭਾਤੀ ਤਾਰਾ' ਨਾਟਕ ਵਿੱਚ ਕੁੱਲ 12 ਦ੍ਰਿਸ਼ ਹਨ ਅਤੇ 64 ਪੰਨਿਆਂ ਤੇ 12 ਪਾਤਰਾਂ ਦੇ ਆਪਸੀ ਸੰਵਾਦਾਂ ਤੇ ਸੰਬੰਧਾਂ ਨਾਲ ਸੰਜੋਇਆ ਗਿਆ ਹੈ। ਇਸ ਨਾਟ -ਕ੍ਰਿਤ ਵਿੱਚ ਉਨ੍ਹਾਂ ਨੇ ਸੁਸਾਇਟੀ ਵਿੱਚ ਫੈਲੀਆਂ ਕੁਰੀਤੀਆਂ ਜਿਵੇਂ ਕਿ ਲਿੰਗ -ਭੇਦਤਾ ਪਦਾਰਥ ਦੀ ਕਾਣੀ ਵੰਡ, ਨਸ਼ੀਲੀਆਂ ਵਸਤੂਆਂ ਦੀ ਆੜ ਹੇਠ ਅਨਮੋਲ ਜ਼ਿੰਦਗੀਆਂ ਦੀਆਂ ਬਰਬਾਦੀਆਂ, ਨਸ਼ਾ ਤਸਕਰੀ ਵਿੱਚ ਆਧੁਨਿਕ ਤਕਨਾਲੋਜੀ ਦੀ ਵਰਤੋਂ, ਨੌਜਵਾਨ ਪੀੜੀ ਦੇਸ਼ ਦਾ ਭਵਿੱਖ, ਜ਼ਰੂਰਤਮੰਦਾਂ ਦੀ ਮਦਦ ਕਰਨਾ, ਨੌਜਵਾਨਾਂ ਵਿੱਚ ਸਹਿਣਸ਼ੀਲਤਾ ਦਾ ਖ਼ਤਮ ਹੋਣਾ, ਰਾਜਨੀਤਿਕ ਗਲਹਿਰੀਆਂ ਦੀ ਦੇਸ਼ ਵਿੱਚ ਲੁੱਟ ਖਸੁੱਟ ਦਾ ਮਖੌਟਾ ਉਤਾਰਨਾ, ਢੌਂਗੀ ਤੇ ਪਾਖੰਡੀ ਬਾਬਿਆਂ ਦੀਆਂ ਬੇਤੁਕੀਆਂ ਸਲਾਹਾਂ ਤੇ ਕਟੜਾ ਵਿਅੰਗ ਕੱਸਿਆ, ਕਿਵੇਂ ਪੁੱਤਰ ਦੀ ਪ੍ਰਾਪਤੀ ਲਈ ਕੋਝੇ ਰਸਤਿਆਂ ਤੇ ਪਾ ਕੇ ਆਮ ਮਨੁੱਖ ਦਾ ਆਰਥਿਕ ਸ਼ੋਸ਼ਣ ਕਰਨਾ, ਪਤੀ ਪਤਨੀ ਦੇ ਆਪਸੀ ਰਿਸ਼ਤੇ ਦੀਆਂ ਪੀਡੀਆਂ ਤੰਦਾਂ ਵਿੱਚ ਪੇਤਲਾਪਣ, ਆਪਸੀ ਤਾਲਮੇਲ ਤੇ ਸਮਝਦਾਰੀ ਦੀ ਘਾਟ ਕਾਰਨ ਤਲਾਕ ਦੀ ਵਧੇਰੇ ਭਰਮਾਰ, ਤਾਂਤਰਿਕ ਤੇ ਬਾਬਾਵਾਦ ਤੇ ਤੰਜ਼ ਕੱਸਿਆ, ਕੋਰੋਨਾ ਦੀ ਲਹਿਰ ਨੂੰ ਰੋਕਣ ਲਈ ਜਾਗਰੂਕਤਾ ਫੈਲਾਈ, ਕੋਰੋਨਾ ਕਿਥੇ ਪੈਂਦਾ ਹੋਇਆ ਅਤੇ ਕਿਵੇਂ ਫੈਲਾਇਆ ? ਇੰਜੈਕਸ਼ਨ ਬਾਰੇ ਗ਼ਲਤ ਅਫ਼ਵਾਹਾਂ ਆਦਿ ਵਿਸ਼ਿਆਂ ਨੂੰ ਆਪਣੀ ਕਿਰਤ ਵਿੱਚ ਸੁਧਾਰਵਾਦੀ ਤੇ ਆਸ਼ਾਵਾਦੀ ਨਜ਼ਰੀਏ ਨਾਲ ਘੋਖਦੇ ਹੋਏ ਮਨੁੱਖੀ ਫ਼ਿਤਰਤ ਵਿੱਚ ਹੋ ਰਹੇ ਪਰਿਵਰਤਨ ਦੇ ਬਿੰਬਾਂ ਨੂੰ ਨਾਟਕ ਦੇ ਪਾਤਰਾਂ ਰਾਹੀਂ ਪ੍ਰਤੀਬਿੰਬ ਕਰਦੇ ਹਨ। ਉਹਨਾਂ ਨੇ ਆਪਣੇ ਨਾਟਕ ਵਿੱਚ ਇਸ ਤੱਥ ਨੂੰ ਉਜਾਗਰ ਕੀਤਾ ਹੈ ਕਿ ਮਨੁੱਖੀ ਜ਼ਿੰਦਗੀ ਵਿੱਚ ਅਨੇਕਾਂ ਘਟਨਾਵਾਂ ਵਾਪਰਦੀਆਂ ਹਨ ਜੋ ਮੂੰਹ ਆਈ ਮੌਤ ਨੂੰ ਜ਼ਿੰਦਗੀ ਵਿੱਚ

ਅਤੇ ਨਿਰਾਸ਼ਾ ਨੂੰ ਆਸ਼ਾ ਵਿੱਚ ਬਦਲ ਦਿੰਦੀਆਂ ਹਨ। ਇਹ ਸਾਰਾ ਕੁਝ ਹਰ ਮਨੁੱਖੀ ਉੱਦਮ ਲਈ ਕੁਦਰਤੀ ਖ਼ਜ਼ਾਨਿਆਂ ਦੀ ਭਰਪੂਰਤਾ ਕਰਕੇ ਹੁੰਦਾ ਹੈ। ਮਨੁੱਖ ਚੰਗੀ ਹੋਣੀ ਵਿੱਚ ਵਿਸ਼ਵਾਸ ਰੱਖ ਕੇ ਆਲ਼ੇ ਦੁਆਲੇ ਦੀਆਂ ਸੰਭਾਵਨਾ ਨੂੰ ਸਮਝ ਕੇ ਸਦਾ ਆਸ਼ਾਵਾਦੀ ਰਹਿੰਦਿਆਂ ਉੱਚੇ ਤੋਂ ਉੱਚੇ ਟੀਚੇ ਪ੍ਰਾਪਤ ਕਰ ਸਕਦਾ ਹੈ।

'ਪ੍ਰਭਾਤੀ ਤਾਰਾ' ਨਾਟਕ ਕਰੋਨਾ ਕਾਲ ਦੀ ਸ੍ਰੇਸ਼ਟ ਰਚਨਾ ਕਹਿ ਸਕਦੇ ਹਾਂ ਕਿਉਂਕਿ ਉਸ ਸਮੇਂ ਦੀਆਂ ਸਥਿਤੀਆਂ ਪਰਿਸਥਿਤੀਆਂ ਦੀਆਂ ਵਿੰਡਬਨਾਵਾਂ ਨੂੰ ਲੇਖਕ ਵੱਲੋਂ ਸਿਰਜਿਤ ਕੀਤਾ ਗਿਆ ਹੈ। ਇਹ ਰਚਨਾ ਇਤਿਹਾਸਿਕ ਦਸਤਾਵੇਜ਼ ਵਜੋਂ ਇਕ ਸਬੂਤ ਵੀ ਹੈ। ਸੋ ਇਹ ਨਾਟਕ ਭਵਿੱਖ ਵਿੱਚ ਕਰੋਨਾ ਮਹਾਂਮਾਰੀ ਔਖੇ ਸਮਿਆਂ ਦੇ ਪੰਨਿਆਂ ਦੀ ਪਰਖ -ਪੜਚੋਲ ਕਰਨ ਵਿੱਚ ਸਹਾਇਕ ਸਿੱਧ ਹੋਏਗਾ ਕਿ ਉਸ ਸਮੇਂ ਆਮ ਮਨੁੱਖ ਨੇ ਕਿਵੇਂ ਉਪਜੀਵਕਾ ਦੇ ਸਾਧਨਾਂ ਦੀ ਘਾਟ ਕਾਰਨ ਮਾਨਸਿਕ ਤਣਾਓ ਹੰਡਿਆਇਆ ਸੀ।

ਸਿੱਖ ਸਾਹਿਤ ਦੇ ਪ੍ਰਸਿੱਧ ਵਿਸ਼ਵ-ਕੋਸ਼ 'ਮਹਾਨ ਕੋਸ਼' ਦੇ ਰਚੇਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਪ੍ਰਭਾਤੀ ਤਾਰਾ' ਦੇ ਅਰਥਾਂ ਨੂੰ ਸਮਝਣਾ ਬਹੁਤ ਮਹੱਤਵਪੂਰਨ ਹੈ। ਉਹਨਾਂ ਅਨੁਸਾਰ-

*ਪ੍ਰਭਾਤ- ਉਹ ਸਮਾਂ (ਪ੍ਰਭਾਤ) ਰੌਸ਼ਨੀ ਉੱਗਦੀ ਹੈ, ਭੌਰ, ਤੜਕਾ ਸਵੇਰਾ।* [1]

ਸੰਸਕ੍ਰਿਤ-ਹਿੰਦੀ ਕੋਸ਼ ਦੇ ਲੇਖਕ ਵਾਮਨ ਸ਼ਿਵਰਾਮ ਅੱਪਟੇ ਅਨੁਸਾਰ-

*ਪ੍ਰਭਾਤ ਜੋ ਸਪਸ਼ਟ ਜਾਂ ਪ੍ਰਕਾਸ਼ਿਤ ਹੋਣੇ ਲਗਾ ਹੋ।* [2]

ਪ੍ਰਭਾਤ ਦੇ ਇੱਕ ਇੱਕ ਲਿਪਾਂਕ ਦਾ ਅਰਥ ਦੇਖਦੇ ਹਾਂ-

*ਪ੍ਰ ਦਾ ਅਰਥ- ਜਸ।*
*ਭਾ ਦਾ ਅਰਥ- ਚਮਕ।*
*ਤ ਦਾ ਅਰਥ- ਨੌਕਾ, ਨਾਵ, ਬੇੜੀ ਆਦਿ।* [3]

ਇਸ ਪ੍ਰਕਾਰ 'ਪ੍ਰਭਾਤੀ ਤਾਰਾ' ਦਾ ਸੰਪੂਰਨ ਅਰਥ ਉਸ ਤਾਰੇ ਤੋਂ ਹੈ ਜੋ ਅਸਮਾਨ ਵਿੱਚ ਨਵੀਂ ਰੌਸ਼ਨੀ, ਨਵੀਂਆਂ ਮੰਗਾਂ, ਨਵੀਂਆਂ ਉਮੰਗਾਂ, ਨਵੀਂਆਂ ਤਰੰਗਾਂ, ਨਵੀਂਆਂ ਮੰਜ਼ਿਲਾਂ, ਨਵੀਂ ਸੋਚ, ਨਵਾਂ ਜੀਵਨ, ਨਵਾਂ ਹੁਲਾਰਾ ਲੈ ਕੇ ਨਵੀਂਆਂ ਪੈੜਾਂ ਸਿਰਜਦਾ ਹੈ ਅਤੇ ਨਵੀਂ ਸਵੇਰ ਦਾ ਨਵਾਂ ਚਾਨਣਾ ਬਖੇਰਦਾ ਹੈ।

*ਇਸ ਨਾਟਕ ਦਾ ਸਿਰਲੇਖ 'ਪ੍ਰਭਾਤੀ ਤਾਰਾ' ਇਸ ਨਾਟਕ ਦੀ ਪਾਤਰ ਤਾਰਾ ਦੇ ਨਾਮ ਤੇ ਹੈ ਜੋ ਇੱਕ ਗ਼ੁਰਬਤ ਹੰਢਾ ਰਹੇ ਗ਼ਰੀਬ ਪਰਿਵਾਰ ਵਿੱਚ ਪੈਦਾ ਹੋ ਕੇ ਆਪਣੇ ਸੁਭਾਅ, ਮਿਹਨਤ, ਨਿਸ਼ਠਾ ਤੇ ਲਗਨ ਕਰਕੇ ਪ੍ਰਭਾਤੀ ਤਾਰਾ ਬਣ ਮਿਸਾਲ ਪੈਦਾ ਕਰਦੀ ਹੋਈ ਚਮਕ ਉੱਠਦੀ ਹੈ। ਤਾਰਾ ਉਨ੍ਹਾਂ ਲੋਕਾਂ ਲਈ ਰਾਹ ਦਸੇਰਾ ਬਣੀ ਵੀ ਨਜ਼ਰ ਆਉਂਦੀ ਹੈ ਜੋ ਗ਼ਰੀਬੀ ਅਤੇ ਸਾਧਨਾਂ ਦੀ ਘਾਟ ਕਾਰਨ ਢੇਰੀ ਢਹਿ ਕੇ ਬਹਿ ਜਾਂਦੇ ਹਨ।* [4]

ਨਾਟਕ ਵਿੱਚ ਨਾਟਕਕਾਰ ਨੇ ਸਮਕਾਲੀ ਸਮੇਂ ਵਿੱਚ ਪਿੰਡੇ ਤੇ ਹੰਢਾਏ ਸੰਤਾਪ ਨੂੰ ਪੇਸ਼ ਕੀਤਾ ਹੈ। ਇਸ ਨਾਟਕ ਦਾ ਕਥਾਨਕ ਗ਼ਰੀਬ ਦਿਹਾੜੀਦਾਰ ਪਰਿਵਾਰ ਤੇ ਦਿਹਾੜੀ ਨਾ ਜਾਣ ਤੇ ਰੋਟੀ ਦੇ ਲਾਲੇ ਪਏ ਹਨ ਕਿਉਂਕਿ ਦਿਹਾੜੀ ਵਾਲਾ ਪਾਤਰ ਜੋਗਰਾਜ ਸਿਗਰਟ ਨੋਸ਼ੀ ਤੇ ਸ਼ਰਾਬ ਆਦਿ ਦਾ ਆਦੀ ਹੈ। ਘਰ ਦਾ ਗੁਜ਼ਾਰਾ ਹੈਂਡ-ਟੂ- ਮਾਊਥ ਵਾਲਾ ਹੈ। ਤਿੰਨ ਧੀਆਂ ਦਾ ਬਾਪ ਹੈ। ਤਾਰਾ ਇਸ ਨਾਟਕ ਦੀ ਮੁੱਖ ਪਾਤਰ ਹੈ। ਜੋ ਬਿਨਾਂ ਝਿਜਕ ਆਪਣੇ ਘਰ ਦੀ ਆਰਥਿਕ ਹਾਲਤ ਆਪਣੇ ਸਕੂਲ ਦੇ ਪ੍ਰਿੰਸੀਪਲ ਨਰਿੰਦਰ ਮੋਹਣ ਨੂੰ ਦੱਸਦੀ ਹੈ।

*ਤਾਰਾ: (ਹੱਥਾਂ ਦੀਆਂ ਉਂਗਲਾਂ ਆਪਸ ਵਿੱਚ ਫਸਾਉਂਦੇ ਹੋਏ )ਸਰ ਜੀ ਪਾਪਾ ਜੀ ਦੀ ਦਿਹਾੜੀ ਲਗਾਉਣ ਵਾਲਾ ਕੰਮ ਤਾਂ ਬੰਦ ਏ। ਪਹਿਲਾਂ ਹੀ ਹੈਂਡ -ਟੂ - ਮਾਊਥ ਸੀ। ਹੁਣ ਤਾਂ ਅਸੀਂ ਭੁੱਖੇ ਮਰ ਜਾਵਾਂਗੇ। ਐਸਾ ਦਰਦਨਾਕ ਤੇ ਖ਼ਤਰਨਾਕ ਸਮਾਂ ਜਿਸ ਦਾ ਅਗਲਾ ਸਿਰ ਘੁੱਪ ਹਨੇਰੇ ਵਿੱਚ ਏ। ਸੋਚਦੀ ਹਾਂ, ਇਸ ਪਰਿਵਾਰ ਦੀ ਬੇੜੀ ਕਿਵੇਂ ਪਾਰ ਲੱਗੇਗੀ ?ਏਸੇ ਮੁਸ਼ਕਲ ਨੂੰ ਹੱਲ ਕਰਨ ਲਈ ਤੁਹਾਨੂੰ ਆਉਣ ਲਈ ਤਕਲੀਫ਼ ਦਿੱਤੀ ਹੈ।* [5]

ਤਾਰਾ ਬਹੁਤ ਹੀ ਲਾਇਕ, ਹੁਸ਼ਿਆਰ, ਲਗਨ ਨਾਲ ਪੜ੍ਹਨ ਵਾਲੀ ਮਿਹਨਤੀ ਤੇ ਦ੍ਰਿੜ੍ਹ ਇਰਾਦੇ ਵਾਲੀ ਲੜਕੀ ਹੈ। ਉਹ ਵਿਪਰੀਤ ਪਰਿਸਥਿਤੀਆਂ ਤੋਂ ਘਬਰਾਉਂਦੀ ਨਹੀਂ ਸਗੋਂ ਆਪਣੇ ਘਰ ਦੀ ਸਮੱਸਿਆ ਦਾ ਹੱਲ ਸਹਿਜੇ ਹੀ ਮਦਦਗਾਰ ਰਾਹੀਂ ਹੱਲ ਕਰ ਲੈਂਦੀ ਹੈ। ਉਹ ਸਮਝਦਾਰ ਆਪਣੀ ਗੱਲ ਨੂੰ ਤਰਕਸ਼ੀਲ ਢੰਗ ਨਾਲ ਜਾਂ ਬਹੁਤ ਹੀ ਸੁਚੱਜੇ ਢੰਗ ਨਾਲ ਪੇਸ਼ ਕਰਦੀ ਹੈ। ਆਗਿਆਕਾਰ ਧੀ ਹੈ, ਖਿੜੇ ਮੱਥੇ ਹਰ ਇੱਕ ਗੱਲ ਨੂੰ ਸਵੀਕਾਰ ਕਰਦੀ ਹੈ। ਪਰ ਕਿਤੇ ਕਿਤੇ ਮਨੋਭਾਵਾਂ ਦੇ ਵੇਗ ਵਿੱਚ ਵਹਿ ਕੇ ਅੱਥਰੂ ਵੀ ਕੇਰਦੀ ਹੈ, ਕਦੇ ਖ਼ੁਸ਼ੀ ਦੀ ਤੇ ਕਦੇ ਅਹਿਸਾਨਾਂ ਥੱਲੇ ਦੱਬੀ ਸਥਿਤੀ ਵਿੱਚ। ਪ੍ਰਮਾਣ ਦੇਖੋ-

*ਤਾਰਾ: (ਦੁਪੱਟੇ ਨਾਲ ਅੱਖਾਂ ਚੋਂ ਭਰ ਆਏ ਹੰਝੂਆਂ ਨੂੰ ਸਾਫ਼ ਕਰਦੀ ਹੋਈ) ਸਰ ਜੀ ਗ਼ਰੀਬ ਦੀ ਧੀ ਨੂੰ ਵੱਡੇ ਖ਼ਾਬ ਦੇਖਣਾ ਮੂਰਖਤਾ ਹੁੰਦੀ ਏ। ਮੈਂ ਜੋ ਬਣਨਾ ਚਾਹੁੰਦੀ ਹਾਂ ਅਤੇ ਜਿਹੜੇ ਸੁਪਨੇ ਮੈਂ ਆਪਣੇ ਦਿਲੋਂ ਦਿਮਾਗ਼ ਵਿੱਚ ਭਵਿੱਖ ਨੂੰ ਬਣਾਉਣ ਵਾਸਤੇ ਵੇਖੇ ਸਨ, ਜ਼ਬਾਨ ਤੋਂ ਕਹਿੰਦੇ ਸ਼ਰਮ ਆਉਂਦੀ ਹੈ।* [6]

ਪੂਰੇ ਨਾਟਕ ਵਿੱਚ ਤਾਰਾ ਪਾਤਰ ਨਿਰਾਸ਼ ਨਹੀਂ ਹੁੰਦੀ ਸਗੋਂ ਸਾਲਾਂ, ਮਹੀਨਿਆਂ ਤੇ ਦਿਨਾਂ ਵਿੱਚ ਉਤਸੁਕਤਾ ਭਰਪੂਰ ਜ਼ਿੰਦਗੀ ਦੀਆਂ ਪੈੜਾਂ ਤੇ ਚਲਦੀ ਹੁਲਾਸ ਤੇ ਆਸ਼ਾਵਾਦੀ ਰਹਿੰਦੀ ਹੈ। ਆਪਣੇ ਸੁਘੜ ਸਿਆਣਪ ਭਰੇ ਸੁਭਾਅ ਕਰਕੇ ਪ੍ਰਿੰਸੀਪਲ ਨਰਿੰਦਰ ਮੋਹਣ ਦੀ ਚਹੇਤੀ ਤੇ ਮੂੰਹ ਬੋਲੀ ਧੀ ਹੈ:

*ਨਰਿੰਦਰ ਮੋਹਨ: ਬੇਟੀ! ਜਿੱਥੇ ਚਾਹ ਉੱਥੇ ਰਾਹ।*

*ਤਾਰਾ: ਤੁਸੀਂ ਆਪਣੀ ਧੀ ਵਾਸਤੇ ਉਹ ਸਾਰਾ ਕੁਝ ਕਰਦੇ, ਜੋ ਇੱਕ ਬਾਪ ਆਪਣੀ ਬੇਟੀ ਲਈ ਕਰ ਸਕਦਾ ਹੈ।*

*ਨਰਿੰਦਰ ਮੋਹਣ: ਮੈਂ ਤੈਨੂੰ ਇੱਕ ਡਾਕਟਰ ਦੇ ਰੂਪ ਵਿੱਚ ਦੇਖਣਾ ਚਾਹੁੰਦਾ ਹਾਂ। ਤੇਰੇ ਉਹ ਸੁਪਨੇ ਜਿਹੜੇ ਤੂੰ ਆਪਣੇ ਮਨ ਚਿੱਤ ਪਾਲੇ ਹਨ। ਉਹਨਾਂ ਸੁਪਨਿਆਂ ਨੂੰ ਸਾਕਾਰ ਹੁੰਦਾ ਦੇਖਣਾ ਚਾਹੁੰਦਾ। ਤੇਰੇ ਖ਼ਾਬ ਅਧੂਰੇ ਨਾ ਰਹਿਣ ਇਹ ਮੇਰੀ ਦਿਲੀ ਇੱਛਾ ਹੈ।*

*ਤਾਰਾ: ਸਰ ਤੁਸੀਂ ਕਿਉਂ ਮੇਰੇ ਤੇ ਇਨਾ ਖ਼ਰਚ ਕਰਨਾ ਚਾਹੁੰਦੇ ਹੋ?*

*ਨਰਿੰਦਰ ਮੋਹਣ: ਕਿਉਂਕਿ ਤੂੰ ਇਕ ਸੁਸ਼ੀਲ, ਅਨੁਸ਼ਾਸਿਤ, ਮਿਹਨਤੀ ਤੇ ਚੰਗੇ*

*ਸੰਸਕਾਰਾਂ-ਵਿਚਾਰਾਂ ਵਾਲੀ ਲੜਕੀ ਏ, ਤੇਰੇ ਵਿੱਚ ਡਾਕਟਰ ਬਣਨ ਦੀ ਯੋਗਤਾ ਹੈ। ਇਸ ਦਾ ਲਾਭ ਸਮਾਜ ਤੇ ਦੇਸ਼ ਨੂੰ ਹੋਵੇਗਾ। ਤੇਰੇ ਤੋਂ ਯੋਗ ਤੇ ਗ਼ਰੀਬ ਬੱਚਿਆਂ ਨੂੰ ਇੱਕ ਪ੍ਰੇਰਨਾ ਮਿਲੇਗੀ ਕਿ ਤੁਸੀਂ ਵੀ ਆਪਣੇ ਸੁਪਨੇ ਸਾਕਾਰ ਕਰ ਸਕਦੇ ਹੋ।*

*ਤਾਰਾ: ਸਰ ਤੁਹਾਡਾ ਇਹ ਅਹਿਸਾਨ ਮੈਂ ਜ਼ਿੰਦਗੀ ਵਿੱਚ ਕਿਵੇਂ ਚੁਕਾਵਾਂਗੀ?* [7]

ਤਾਰਾ ਚੌਥੀ ਸ਼੍ਰੇਣੀ ਤੋਂ ਮੱਧ ਸ਼੍ਰੇਣੀ ਵਿੱਚ ਪ੍ਰਵੇਸ਼ ਕਰਦੀ ਹੈ। ਇਹ ਸਫ਼ਰ ਸਹਿਜੇ ਹੀ ਨਹੀਂ ਪ੍ਰਾਪਤ ਕੀਤਾ ਸਗੋਂ ਚੰਗੀ ਧੀ ਤੇ ਚੰਗੀ ਵਿਦਿਆਰਥਣ ਬਣ ਕੇ ਕਿਤਾਬਾਂ ਦੇ ਪੰਨਿਆਂ ਦੇ ਕਾਲੇ ਅੱਖਰਾਂ ਨਾਲ ਦਿਮਾਗ਼ੀ ਸਾਂਝ ਪਾ ਕੇ ਸ਼ਖ਼ਸੀਅਤ ਨੂੰ ਨਿਖਾਰਿਆ ਹੈ। ਉਹ ਸਕੂਲ ਵਿੱਚ ਵਿਸ਼ਾ ਮਾਹਿਰਾਂ ਵੱਲੋਂ ਸੁਣੀਆਂ ਗਿਆਨਮਈ ਤੱਥਾਂ ਨੂੰ ਵੀ ਅਮਲੀ ਜਾਮਾ ਪਹਿਨਾਉਂਦੀ ਹੈ। ਇਹੀ ਕਾਰਨ ਸੀ ਕਿ :

*ਉਸ ਦਾ ਪਿਤਾ ਜੋਗਰਾਜ ਸਿਗਰੇਟ ਸ਼ਰਾਬ ਵਰਗੀ ਅਲਾਮਤ ਤੋਂ ਦੂਰ ਹੋ ਕੇ ਅੱਛਾ ਇਨਸਾਨ ਬਣ ਜਾਂਦਾ ਹੈ। ਜੋਗਰਾਜ ਨੇ ਸਾਫ਼ ਧੋਤੇ ਤੇ ਪ੍ਰੈੱਸ ਕੀਤੇ ਕੱਪੜੇ ਪਾਏ ਹੋਏ ਹਨ। ਦਾੜ੍ਹੀ ਬਣਾ ਕੇ ਰੱਖੀ ਹੋਈ ਹੈ। ਉਸ ਦੀ ਸਿਹਤ ਪਹਿਲੇ ਤੋਂ ਸੁਧਰੀ ਹੋਈ ਨਜ਼ਰ ਆਉਂਦੀ ਹੈ।* [8]

ਤਾਰਾ ਦੁਕਾਨਦਾਰੀ ਦੇ ਨਾਲ -ਨਾਲ ਪਲਸ ਟੂ ਕਲਾਸ ਵਿੱਚੋਂ ਵਧੀਆ ਅੰਕ ਪ੍ਰਾਪਤ ਕਰਕੇ ਸਿੱਖਿਆ ਦੇ ਖੇਤਰ ਵਿੱਚ ਹਰਮਨ ਪਿਆਰਤਾ ਦਾ ਪਾਤਰ ਬਣ ਕੇ ਵੱਖਰੀ ਪਹਿਚਾਣ ਬਣਾਉਂਦੀ ਹੋਈ ਪ੍ਰਿੰਸੀਪਲ ਨਰਿੰਦਰ ਮੋਹਣ ਦੀ ਮਦਦ ਨਾਲ ਡਾਕਟਰ ਦੀ ਪੜ੍ਹਾਈ ਕਰਦੀ ਹੈ। ਨਰਿੰਦਰ ਮੋਹਣ ਤੇ ਤਾਰਾ ਪਾਤਰ ਪੂਰੇ ਨਾਟਕ ਵਿੱਚ ਗਤੀਸ਼ੀਲ ਪਾਤਰ ਹਨ। ਇਹੀ ਕਾਰਨ ਹੈ ਕਿ ਨਰਿੰਦਰ ਮੋਹਣ ਅਤੇ ਤਾਰਾ ਦੋਵੇਂ ਇੱਕ ਦੂਸਰੇ ਦੀਆਂ ਆਸ਼ਾਵਾਂ ਤੇ ਖਰਾ ਉਤਰਦੇ ਹਨ। ਪ੍ਰਿੰਸੀਪਲ ਨਰਿੰਦਰ ਮੋਹਣ ਹਿੰਮਤ ਤੇ ਜਜ਼ਬੇ ਨੂੰ ਉਛਾਲਨ ਵਿੱਚ ਮੇਖ਼ ਦਾ ਕੰਮ ਕਰਦਾ ਹੈ ਤੇ ਤਾਰਾ ਹੌਸਲੇ ਤੇ ਆਪਣੀ ਲਿਆਕਤ ਨਾਲ ਹਰੇਕ ਕਾਰਜ ਨੂੰ ਸਿਰੇ ਚਾੜ੍ਹਦੀ ਹੈ। ਇਹੀ ਦੋਨਾਂ ਦੀ ਆਪਸੀ ਸਮਝਦਾਰੀ ਹੈ। ਦੋਨੋਂ ਪਾਤਰ ਇੱਕ ਦੂਸਰੇ ਨਾਲ ਕਿਤੇ ਵੀ ਕਿੰਤੂ -ਪ੍ਰੰਤੂ ਕਰਦੇ ਨਹੀਂ ਦਿਖਾਈ ਦਿੰਦੇ। ਲੇਖਕ ਵੱਲੋਂ ਸਿਸ਼ ਤੇ ਗੁਰੂ ਦੇ ਰਿਸ਼ਤੇ ਨੂੰ ਇੱਕੋ ਰੰਗ ਵਿੱਚ ਪੇਸ਼ ਕੀਤਾ ਹੈ।

ਤਾਰਾ ਖੋਲ੍ਹੀ ਹੋਈ ਛੋਟੀ ਜਿਹੀ ਸਬਜ਼ੀ ਦੀ ਰੇੜ੍ਹੀ ਦੀ ਖੱਟਤ ਤੇ ਵੱਟਤ ਦਾ ਪੂਰਾ ਰਿਸਾਬ -ਕਿਤਾਬ ਰੱਖਦੀ ਹੈ। ਪ੍ਰਿੰਸੀਪਲ ਵੱਲੋਂ ਦਿੱਤੀ 10, 000/- ਦੀ ਰਕਮ ਤਿੰਨਾਂ ਮਹੀਨਿਆਂ ਵਿੱਚ ਹੀ ਵਾਪਸ ਕਰਕੇ ਆਪਣੇ ਕੋਲ ਕਾਫ਼ੀ ਪੈਸੇ ਜਮ੍ਹਾਂ ਵੀ ਕਰ ਲੈਂਦੀ ਹੈ। ਛੋਟੀ ਜਿਹੀ ਦੁਕਾਨ ਨੂੰ ਪੂਰੇ ਇਲਾਕੇ ਦੀ ਸੁੱਖ ਸਹੂਲਤ ਲਈ ਜਨਰਲ ਸਟੋਰ ਵਿੱਚ ਤਬਦੀਲ ਕਰ ਦਿੰਦੀ ਹੈ। ਪਿਤਾ ਜੋਗਰਾਜ ਆਪਣੀਆਂ ਨਸ਼ਈ ਆਦਤਾਂ ਛੱਡ ਕੇ ਜ਼ਿੰਮੇਵਾਰ ਪਿਤਾ ਅਤੇ ਆਪਣੀ ਧੀ ਤਾਰਾ ਦੇ ਕਿਰਦਾਰ ਦੀ ਵਕਾਲਤ ਕਰਦਾ ਹੈ। ਇਹ ਸਾਰਾ ਕੁਝ ਤਾਰਾ ਨੇ ਹਾਲਾਤਾਂ ਦੀ ਪਰਿਸਥਿਤੀਆਂ ਨੂੰ ਆਪਣੇ ਕਲਾਵੇ ਵਿੱਚ ਲੈ ਕੇ ਸਿੱਧ ਕੀਤਾ ਹੈ।

*ਜੋਗਰਾਜ: (ਜੇਬ ਚੋਂ ਲਿਫ਼ਾਫ਼ਾ ਕੱਢ ਕੇ ਨਰਿੰਦਰ ਮੋਹਣ ਨੂੰ ਦਿੰਦੇ ਹੋਏ) ਸਾਬ ਜੀ ਇਹ ਤੁਹਾਡੀ 10 ਹਜ਼ਾਰ ਵਾਲੀ ਅਮਾਨਤ ਏ।*

*ਨਰਿੰਦਰ ਮੋਹਣ: ਐਨੀ ਜਲਦੀ ਕਿਸ ਗੱਲ ਦੀ ਏ? ਤੁਸੀਂ ਇਸ ਰਕਮ ਨੂੰ ਆਪਣੇ ਕਾਰੋਬਾਰ ਨੂੰ ਵਧਾਉਣ ਵਿੱਚ ਲਗਾ ਲਵੋ। ਤੋਰੀ ਫੁਲਕਾ ਸਾਡੀ ਚੱਲ ਰਹੀ। ਵਾਹਿਗੁਰੂ ਦੀ ਮਿਹਰ ਹੈ।*

*ਜੋਗਰਾਜ: ਨਹੀਂ ਸਾਹਿਬ ਜੀ, ਨਹੀਂ। ਤੁਸੀਂ ਇਸ ਨੂੰ ਸਵੀਕਾਰ ਕਰੋ ਤੇ ਮਹੀਨੇ ਭਰ ਦੀ ਸਬਜ਼ੀ ਜਿਹੜੀ ਤੁਸੀਂ ਭੇਜੀ ਸੀ। ਉਸ ਦਾ ਹਿਸਾਬ ਕਿਤਾਬ ਵੀ ਹੋਣਾ ਚਾਹੀਦਾ ਏ।*

*(ਨਰਿੰਦਰ ਮੋਹਣ ਲਿਫ਼ਾਫ਼ਾ ਲੈ ਕੇ ਆਪਣੀ ਕਮੀਜ਼ ਦੀ ਉੱਪਰ ਵਾਲੀ ਜੇਬ ਵਿੱਚ ਰੱਖ ਲੈਂਦਾ ਹੈ।)* [9]

ਅਮੀਰ ਅਤੇ ਗ਼ਰੀਬ ਦੀ ਲਕੀਰ ਨੂੰ ਮਿਟਾ ਕੇ ਨਰਿੰਦਰ ਮੋਹਨ ਅਤੇ ਉਸ ਦੀ ਪਤਨੀ ਅਨੁਪ੍ਰਿਆ ਤਾਰਾ ਦਾ ਰਿਸ਼ਤਾ ਆਪਣੇ ਪੁੱਤਰ ਲਈ ਮੰਗਦਾ ਹੈ ਕਿਉਂਕਿ ਲੇਖਕ ਇਸ ਗੱਲ ਤੇ ਕਟਾਖਸ਼ ਕਰਦਾ ਹੈ ਕਿ ਅੱਜ ਕੱਲ੍ਹ ਮੀਆਂ ਬੀਬੀ ਵਿੱਚ ਪਹਿਲੇ ਵਰਗੀ ਅਪਣੱਤ ਨਹੀਂ ਰਹੀ ਸਗੋਂ ਛੋਟੀਆਂ ਛੋਟੀਆਂ ਗੱਲਾਂ ਵਿੱਚ ਸਮਝਦਾਰੀ ਨਾ ਵਰਤ ਕੇ ਆਪਣੇ ਘਰਾਂ ਦੀ ਇੱਜ਼ਤ ਕੋਰਟ ਕਚਹਿਰੀਆਂ ਵਿੱਚ ਉਛਾਲ ਰਹੇ ਹਨ। ਇਸ ਲਈ ਭਵਿੱਖਮੁਖੀ ਤੇ ਦੂਰ-ਦ੍ਰਿਸ਼ਟੀ ਦੀ ਸੋਚ ਕੇ ਤਾਰਾ ਵਰਗੀ ਹੋਣਹਾਰ ਲੜਕੀ ਨੂੰ ਨੂੰਹ ਦੇ ਰੂਪ ਵਿੱਚ ਘਰ ਲਿਆਉਣਾ ਚਾਹੁੰਦੇ ਹਨ।

*ਨਰਿੰਦਰ ਮੋਹਨ: (ਪਤਨੀ ਵੱਲ ਵੇਖ ਕੇ) ਨਹੀਂ ਅਨੁ, ਐਸੀ ਗੱਲ ਨਹੀਂ? ਸਾਡਾ ਜ਼ਮਾਨਾ ਬੜਾ ਪਿੱਛੇ ਚਲਾ ਗਿਆ ਹੈ ਜਦੋਂ ਮੁੰਡੇ ਕੁੜੀਆਂ ਆਪਣੇ ਮਾਂ ਬਾਪ ਦੀ ਇੱਜ਼ਤ ਦਾ ਖ਼ਿਆਲ ਰੱਖਦੇ ਸਨ, ਸ਼ਰਮ ਹਯਾ ਹੋਇਆ ਕਰਦੀ ਸੀ। ਹਸਬੈਂਡ -ਵਾਈਫ਼ ਦਾ ਨਿੱਕਾ ਨਿੱਕਾ ਗਿਲਾ ਸ਼ਿਕਵਾ ਕਮਰੇ ਦੇ ਅੰਦਰ ਹੀ ਹੁੰਦਾ ਸੀ। ਬਾਹਰ ਕਿਸੇ ਨੂੰ ਮੀਆਂ ਬੀਬੀ ਸੂਹ ਨਹੀਂ ਸੀ ਲੱਗਣ ਦਿੰਦੇ। ਪਰ ਹੁਣ ਤਾਂ ਥਾਣੇ ਕਚਹਿਰੀਆਂ, ਤਲਾਕ ਦੀ ਨੌਬਤ ਛੋਟੀਆਂ ਛੋਟੀਆਂ ਗੱਲਾਂ ਤੇ ਆ ਜਾਂਦੀ ਹੈ।*

*ਅਨੁਪ੍ਰਿਆ: (ਪਤੀ ਵੱਲ ਵੇਖ ਕੇ) ਤੁਹਾਡਾ ਸੋਚਣਾ ਆਪਣੇ ਥਾਂ ਦਰੁਸਤ ਹੈ। ਥਾਣੇ ਕਚਹਿਰੀਆਂ ਅਤੇ ਤਲਾਕ ਤਾਂ ਆਮ ਜਿਹੀ ਗੱਲ ਹੋ ਗਈ ਹੈ। ਮੇਰੀ ਸਕੂਲ ਚੋਂ ਸਾਇੰਸ ਮਿਸਟ੍ਰੈੱਸ ਸਾਧਨਾ ਮਹਾਜਨ ਹੈ। ਉਸ ਦੀ ਮੈਰਿਜ ਨੂੰ ਅਜੇ ਮਸੀਂ ਇੱਕ ਵਰ੍ਹਾ ਵੀ ਨਹੀਂ ਹੋਇਆ ਤੇ ਉਹ ਪੇਕੇ ਜਾ ਬੈਠੀ ਏ ਤੇ ਦੋਵੇਂ ਮੀਆਂ ਬੀਬੀ ਦਾ ਤਲਾਕ ਦਾ ਮੁਕੱਦਮਾ ਕਚਹਿਰੀ ਵਿੱਚ ਚਲਾ ਗਿਆ ਹੈ। ਨਰਿੰਦਰ ਮੋਹਣ -ਇਸੇ ਗੱਲ ਤੋਂ ਡਰ ਆਉਂਦਾ ਹੈ। ਪਹਿਲਾਂ ਘਰ ਦੀ ਨੂੰਹ ਸੱਸ ਸਹੁਰੇ ਤੇ ਪਤੀ ਤੋਂ ਵਹਿਸ਼ਤ ਖਾਂਦੀ ਸੀ। ਮਾਣ ਕਰਦੀ ਸੀ, ਹੁਣ ਤਾਂ ਉਲਟੇ ਬਾਸ ਬਰੇਲੀ ਨੂੰ ਚੱਲ ਪਏ ਨੇ, ਤੇ ਹੁਣ ਨੂੰਹ ਤੋਂ ਸਾਰੇ ਡਰਦੇ ਨੇ। ਕੈਸਾ ਜ਼ਮਾਨਾ ਆ ਗਿਆ ਏ। ਸੱਚੀ, ਹੁਣ ਤਾਂ ਕਲਯੁਗ ਨੇ ਆਪਣਾ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ ਹੈ।* [10]

ਜਦੋਂ ਜੋਗਰਾਜ ਅਤੇ ਕੁੰਤੀ ਫ਼ੁਰਸਤ ਦੇ ਪਲਾਂ ਵਿੱਚ ਬੈਠੇ ਆਪਣੀਆਂ ਘਰੇਲੂ ਗੱਲਾਂ ਕਰਦੇ ਹਨ ਤਾਂ ਦੋਨਾਂ ਦੀ ਸੁਰਤੀ ਮੁੰਡਾ ਨਾ ਹੋਣ ਕਾਰਨ ਉੱਖੜਦੀ ਹੈ। ਵਿਭਿੰਨ ਤਰ੍ਹਾਂ ਦੇ ਓੜ -ਪੌੜ ਕਰਨ ਤੇ ਲੜਕੇ ਦੀ ਉਮੀਦ ਪਾਲਦੇ ਭਾਵੇਂ ਕਿ ਉਹ ਤਿੰਨ ਧੀਆਂ ਦੇ ਮਾਪੇ ਬਣ ਚੁੱਕੇ ਹਨ। ਪਤੀ ਵੱਲੋਂ ਲੜਕੇ ਦੀ ਇੱਛਾ ਨੂੰ ਨਕਾਰਦੀ ਹੋਈ ਜਦੋਂ ਕੁੰਤੀ ਧੀਆਂ ਦੇ ਅਕਸ ਵਿੱਚੋਂ ਪੁੱਤਰਾਂ ਦੇ ਅਕਸ ਨੂੰ ਅਖ਼ਤਿਆਰ ਕਰਨ ਲਈ ਕਹਿੰਦੀ ਹੈ ਤਾਂ ਚੁੱਪੀ ਧਾਰ ਕੇ ਸਮੇਂ ਦੀ ਨਜ਼ਾਕਤ ਨੂੰ ਸਵੀਕਾਰ ਕਰਦਾ ਹੈ। ਜੋਗਰਾਜ ਅਤੇ ਕੁੰਤੀ ਪਾਤਰ ਦੇ ਆਪਸੀ ਵਾਰਤਾਲਾਪ ਦੇਖੋ-

*ਜੋਗਰਾਜ: (ਗਰਦਨ ਚੁੱਕ ਕੇ ਕੁੰਤੀ ਵੱਲ ਵੇਖਦਾ ਹੋਇਆ )ਆਉਂਦੇ ਕੱਲ੍ਹ ਨੂੰ ਤਿੰਨਾਂ ਧੀਆਂ ਦੀ ਸ਼ਾਦੀ ਹੋ ਜਾਏਗੀ। ਤਿੰਨੇ ਆਪਣੇ ਸਹੁਰੇ ਘਰ ਚਲੀਆਂ ਜਾਣਗੀਆਂ। ਸਹੁਰੇ ਘਰਾਂ ਚੌਂ ਰੌਣਕਾਂ ਲਾਉਣਗੀਆਂ ਤੇ ਅਸੀਂ ਦੋਵੇਂ ....ਇਕੱਲੇ ....ਬੁਢਾਪੇ 'ਚ ....ਕਿਵੇਂ ਤੇ ਕਿਸ ਦੇ ਸਹਾਰੇ ਦਿਨ ਬਿਤਾਵਾਂਗੇ ...... । ਸਾਡੀ ਚਿਤਾ ਨੂੰ ਕੌਣ ਲਾਂਬੂ ਦੇਵੇਗਾ? ਪੁੱਤਰ ਵਗ਼ੈਰਾ ਕਿਰਿਆ ਕਰਮ, ਪਿੰਡ ਦਾਨ ਕੌਣ ਕਰੂਗਾ ਭਾਗਵਾਨੇ ?ਸਾਡੀ ਗਤੀ ਕਿਵੇਂ ਹੋਏਗੀ ?*

*ਕੁੰਤੀ: ਪਤੀ ਵੱਲ ਵੇਖ ਕੇ ਜ਼ਮਾਨਾ ਬਦਲ ਗਿਆ ਏ। ਹੁਣ ਤਾਂ ਧੀਆਂ ਪੁੱਤਰਾਂ ਤੋਂ ਵੀ ਵਧੀਆ ਕਾਰਗੁਜ਼ਾਰੀ ਕਰ ਰਹੀਆਂ ਨੇ, ਹਰ ਚੀਜ਼ ਰੀਤੀ ਰਿਵਾਜ਼ਾਂ ਚੋ ਤਬਦੀਲੀ ਆ ਗਈ ਏ। ਬੇਟੀਆਂ ਮਾਪਿਆਂ ਦੀ ਅਰਥੀ ਨੂੰ ਮੋਢਾ ਦੇਣ ਲੱਗ ਪਈਆਂ ਨੇ, ਲਾਂਬੂ ਦੇਣ ਲੱਗੀਆਂ ਨੇ। ਕੀ ਧੀਆਂ ਚੌਂ ਆਪਣਾ ਖ਼ੂਨ ਨੀਂ ਜੇ ਹੁੰਦਾ, ਹੁਣ ਤਾਂ ਪੁੱਤਰ ਮਾਪਿਆਂ ਨੂੰ ਘਰੋਂ ਧੱਕੇ ਦੇਣ ਲੱਗੇ ਨੇ। ਇਸੇ ਵਾਸਤੇ ਬਿਰਧ ਆਸ਼ਰਮ ਘੱਤੀਮਾਰ ਬਣਨ ਲੱਗੇ ਨੇ। ਪਰ ਕਦੇ ਕਿਸੇ ਧੀ ਨੇ ਮਾਪਿਆਂ ਨੂੰ ਘਰ ਤੋਂ ਬਾਹਰ ਨ੍ਹੀਂ ਜੇ ਕੱਢਿਆ। ਸਿਰਫ਼ ਪੁੱਤਰਾਂ ਵਾਲੇ ਹੀ ਬਿਰਧ ਆਸ਼ਰਮ ਵਿੱਚ ਜਾਂਦੇ ਨੇ। ਕੁੜੀਆਂ ਅੱਜ ਦੁਨੀਆ ਚੌਂ ਹਰ ਖੇਤਰ ਚੌਂ ਵਾਹਵਾ ਚੰਗੀ ਤੇ ਬਿਹਤਰ ਕਾਰਗੁਜ਼ਾਰੀ ਕਰਨ ਲੱਗੀਆਂ ਨੇ।* [11]

ਨਾਟ-ਕਿਰਤ ਵਿੱਚ ਇੱਕ ਹੋਰ ਨੁਕਤਾ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਦੋ ਤਰ੍ਹਾਂ ਦੇ ਲੜਕਿਆਂ ਦੇ ਪਾਤਰ ਸਿਰਜੇ ਗਏ ਹਨ। ਇੱਕ ਉਹ ਪਾਤਰ ਜਿਨ੍ਹਾਂ ਤੇ ਸੋਸਾਇਟੀ ਤੇ ਮਾਪੇ ਮਾਣ ਕਰਦੇ ਹਨ ਅਤੇ ਦੂਜੇ ਪਾਤਰ ਮਾਪਿਆਂ ਵੱਲੋਂ ਨਕਾਰਾਤਮਿਕ ਰਵੱਈਏ ਦਾ ਸ਼ਿਕਾਰ ਹੁੰਦੇ ਹਨ ਅਤੇ ਤਾਰਾ ਵਰਗੀ ਧੀ ਦੀ ਖ਼ਾਹਿਸ਼ ਜ਼ਾਹਿਰ ਕਰਦੇ ਹਨ। ਜਿਸ ਨੇ ਘਰ ਦੀ ਨੁਹਾਰ ਬਦਲ ਕੇ ਰੱਖ ਦਿੱਤੀ ਹੈ।

ਇਸ ਨਾਟਕ ਵਿੱਚ ਇੱਕ ਹੋਰ ਪਹਿਲੂ ਸਾਹਮਣੇ ਆਉਂਦਾ ਹੈ ਕਿ ਪ੍ਰਿੰਸੀਪਲ ਨਰਿੰਦਰ ਮੋਹਣ ਦੀ ਸ਼ਖ਼ਸੀਅਤ ਵਿੱਚ ਅੰਤਰ-ਵਿਰੋਧਾਂ ਦੀ ਜਟਿਲਤਾ ਦਾ ਅਕਸ ਵਿਦਮਾਨ ਹੈ ਕਿਉਂਕਿ ਤਾਰਾ ਨੂੰ ਆਪਣੀ ਨੂੰਹ ਬਣਾਉਣ ਦਾ ਫ਼ੈਸਲਾ ਲਾਲਚੀ, ਲਾਲਸਾ ਅਤੇ ਨਿੱਜੀ ਹਿੱਤਾਂ ਤੇ ਭਾਰੂ ਲੱਗਦਾ ਹੈ। ਜੇਕਰ ਪ੍ਰਿੰਸੀਪਲ ਇਹ ਫ਼ੈਸਲਾ ਆਪਣੇ ਹਿੱਤਾਂ ਲਈ ਸਮਾਜਿਕ ਸੰਬੰਧਾਂ ਵਿੱਚ ਨਾ ਕਰਦਾ ਤਾਂ ਪ੍ਰਿੰਸੀਪਲ ਦੀ ਦੇਣਦਾਰੀ ਦੀ ਸੋਸਾਇਟੀ ਲਈ ਲਾਜਵਾਬ ਮਿਸਾਲ ਸੀ। ਪਰ ਇਹ ਯਥਾਰਥ ਪਾਤਰ ਦੇ ਸਹਿਜੀਵਨ ਦੇ ਆਦਰਸ਼ ਨੂੰ ਢਾਹ ਲਾ ਗਿਆ।

*ਨਰਿੰਦਰ ਮੋਹਣ: ਬੇਟੇ ਨੇ ਐਮ.ਡੀ. ਮੈਡੀਸਨ ਨੂੰ ਕਰਨ ਲਈ ਜਾਣਾ ਹੈ। ਲੜਕੀ ਵਾਲਿਆਂ ਨਾਲ ਮਨ ਮਨੌਤੀ ਹੋ ਜਾਵੇ। ਤਾਰਾ ਨੂੰ ਕੁਝ ਬਣਦਾ ਦੇ ਕੇ ਆਪਣਾ ਬਣਾ ਲਵਾਂਗੇ। ਮੈਰਿਜ ਬਾਅਦ ਵਿੱਚ ਹੁੰਦੀ ਰਹੇਗੀ। ਮੈਨੂੰ ਇਸ ਗੱਲ ਦਾ ਹਲਕਾ ਜਿਹਾ ਅਹਿਸਾਸ ਹੈ ਕਿ ਦੋਵੇਂ ਇੱਕ-ਦੂਜੇ ਨੂੰ ਪਸੰਦ ਕਰਦੇ ਨੇ।* [12]

ਇਹ ਕ੍ਰਿਤ ਬੰਦ ਮੁਸ਼ਾਹਦੇ ਵਾਲੀ ਹੈ ਕਿਉਂਕਿ ਕੋਰੋਨਾ ਦੀ ਲਹਿਰ ਅਤੇ ਤਾਰਾ ਦੇ ਘਰ ਦੀ ਆਰਥਿਕ ਮੰਦਹਾਲੀ ਦਾ ਸਥਾਈ ਸਮਾਧਾਨ ਨਵੇਂ ਜ਼ਾਬਤੇ ਅਧੀਨ ਹੋਂਦ ਸਵੀਕਾਰ ਕਰਦਾ ਹੈ।

ਸਮੁੱਚੇ ਤੌਰ 'ਤੇ ਅੰਤ ਵਿੱਚ ਇਹੀ ਸਿੱਟਾ ਨਿਕਲਦਾ ਹੈ ਕਿ 'ਪ੍ਰਭਾਤੀ ਤਾਰਾ' ਨਾਟ-ਕਿਰਤ ਲਾਜਵਾਬ ਕ੍ਰਿਤ ਹੈ ਭਾਵੇਂ ਕੇ ਲੇਖਕ ਨੇ ਪਹਿਲੀ ਵਾਰ ਨਾਟਕ ਲਿਖਿਆਂ ਹੈ। 'ਪ੍ਰਭਾਤੀ ਤਾਰਾ' ਸਿਰਲੇਖ ਬਿਲਕੁਲ ਢੁਕਵਾਂ ਤੇ ਫਬਵਾਂ ਹੈ ਕਿਉਂਕਿ ਤਾਰਾ ਨਾਟਕ ਦੇ ਵਿੱਚ ਦਿੱਖ ਅਤੇ ਅਦਿੱਖ ਹੋ ਕੇ ਵੀ ਆਪਣਾ ਅਸਤਿਤਵ ਕਾਇਮ ਰੱਖਦੀ ਹੈ। ਨਾਟਕ ਵਿੱਚ ਕੁੱਝ ਸ਼ਬਦ ਅਸ਼ੁੱਧ ਹਨ। ਜਿਵੇਂ ਅਹਿਸਾਸ ਨੂੰ ਅਜਿਸਾਸ ਅਤੇ ਨਾ ਨੂੰ ਨਾਂ ਲਿਖਿਆ ਹੈ। ਇਸ ਤੋਂ ਇਲਾਵਾ ਹਿੰਦੀ ਸ਼ਬਦਾਂ ਵੀ ਵਾਕਾਂ ਜੜੇ ਹੋਏ ਹਨ ਜੋ ਵਾਕ ਵਿੱਚ ਉਪਰੇ ਅਜਿਹੇ ਦਾ ਅਹਿਸਾਸ ਕਰਵਾਉਂਦੇ ਹਨ। ਜ਼ਿਆਦਾ ਅਖਾਣ ਅਤੇ ਮੁਹਾਵਰੇ ਹਿੰਦੀ ਵਾਲੇ ਹਨ। ਠੇਠ ਪੰਜਾਬੀ ਦੇ ਮੁਹਾਵਰੇ ਨਾ-ਮਾਤਰ ਹਨ। ਕੁੱਲ ਮਿਲਾ ਕੇ ਇਹ ਕਹਿ ਸਕਦੇ ਹਾਂ ਕਿ ਭਾਵੇਂ ਕਿ ਭਾਸ਼ਾ ਪੱਖੋਂ ਕਾਫ਼ੀ ਊਣਤਾਈਆਂ ਹਨ। ਫਿਰ ਵੀ ਰੰਗਮੰਚ ਅਤੇ ਵਿਸ਼ੇ ਪੱਖੋਂ ਇਹ ਨਾਟਕ ਵਧੀਆ ਕਹਿ ਸਕਦੇ ਹਾਂ। ਇਸ ਨਾਟਕ ਦਾ ਸੰਦੇਸ਼ ਸੋਸਾਇਟੀ ਲਈ ਕਾਫ਼ੀ ਅਰਥ ਰੱਖਦਾ ਹੈ ਕਿ ਜਿਨ੍ਹਾਂ ਮਨੁੱਖਾਂ ਨੇ ਜ਼ਿੰਦਗੀ ਵਿੱਚ ਹਾਂ-ਪੱਖੀ ਨਜ਼ਰੀਆ ਅਖ਼ਤਿਆਰ ਕੀਤਾ ਹੈ ਉਹ ਆਪਣੇ ਜੀਵਨ ਵਿੱਚ ਆਪਣੀ ਮਿਥੀ ਮੰਜ਼ਿਲ ਨੂੰ ਸਹਿਜੇ ਹੀ ਬਿਨਾਂ ਰੁਕੇ, ਬਿਨਾਂ ਥੱਕੇ ਅਤੇ ਹਜ਼ਾਰਾਂ ਔਕੜਾਂ ਤੇ ਮੁਸੀਬਤਾਂ ਨੂੰ ਪਾਰ ਕਰਕੇ ਹਾਸਲ ਕਰ ਲੈਂਦੇ ਹਨ, ਦੂਸਰੇ ਪਾਸੇ ਜਿੰਨੇਂ ਕੁਝ ਨਹੀਂ ਕਰਨਾ ਹੁੰਦਾ ਉਹ ਹਜ਼ਾਰ ਬਹਾਨੇ ਬਣਾ ਦੂਸਰਿਆਂ ਨੂੰ ਰਾਹ ਦਾ ਰੋੜਾ ਕਹਿ ਕੇ ਹੌਸਲਾ ਢਹਿ ਕੇ ਨਿਰਾਸ਼ਾ ਵਾਲੀ ਜ਼ਿੰਦਗੀ ਦੇ ਰਾਹ ਚੱਲ ਪੈਂਦਾ ਹੈ, ਸੋ ਹਮੇਸ਼ਾ ਹੀ ਸਕਾਰਾਤਮਿਕ ਰਵੱਈਆ ਨੂੰ ਅਪਨਾ ਕੇ ਸਨਮਾਨਜਨਕ ਜੀਵਨ ਦੀ ਗੱਡੀ ਚਲਾਉਣੀ ਚਾਹੀਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. *ਭਾਈ ਕਾਨ੍ਹ ਸਿੰਘ ਨਾਭਾ, ਇਨਸਾਈਕਲੋਪੀਡੀਆਂ ਆਫ਼ ਸਿੱਖ ਲਿਟਰੇਚਰ, ਮਹਾਨ ਕੋਸ਼, ਪੰਨਾ: 809*
2. *ਵਾਮਨ ਸ਼ਿਵਰਾਮ ਅੱਪਟੇ, ਸੰਸਕ੍ਰਿਤ -ਹਿੰਦੀ ਕੋਸ਼, ਪ੍ਰਕਾਸ਼ਿਤ ਨਿਊ ਭਾਰਤੀ ਬੁੱਕ ਕਾਰਪੋਰੇਸ਼ਨ ਦਿੱਲੀ, ਭਾਰਤ, 2004, ਪੰਨਾ: 669*
3. *ਸ੍ਰੀ ਨਵਲ ਜੀ, ਪ੍ਰਕਾਸ਼ਿਤ ਆਦੀਸ਼ ਕੁਮਾਰ ਜੈਨ, ਆਦੀਸ਼ ਬੁੱਕ ਡਿਪੂ ਕਰੋਲ ਬਾਗ, ਨਵੀਂ ਦਿੱਲੀ, 2003, ਪੰਨਾ: 754*
4. *ਯਸ਼ਪਾਲ ਸ਼ਰਮਾ, ਪ੍ਰਭਾਤੀ ਤਾਰਾ, ਪ੍ਰਕਾਸ਼ਨ ਸਹਿਜ ਪਬਲੀਕੇਸ਼ਨਜ਼, ਰਾਮ ਬਸਤੀ, ਸਮਾਣਾ, ਪੰਨਾ: ਭੂਮਿਕਾ*
5. *-ਉਹੀ-, ਪੰਨਾ: 40*
6. *-ਉਹੀ-, ਪੰਨਾ: 42*
7. *-ਉਹੀ-, ਪੰਨਾ: 49*
8. *-ਉਹੀ-, ਪੰਨਾ ਨੰਬਰ 36*
9. *-ਉਹੀ-, ਪੰਨਾ: 58*
10. *-ਉਹੀ-, ਪੰਨਾ: 19*
11. *-ਉਹੀ-, ਪੰਨਾ: 19*
12. *-ਉਹੀ-, ਪੰਨਾ: 59*

***Cite this Article-***

*ਡਾ. ਸੁਖਵਿੰਦਰ ਕੌਰ (Dr. Sukhwinder Kaur), ਕੋਰੋਨਾ ਕਾਲ ਦੀ ਸ੍ਰੇਸ਼ਠ ਰਚਨਾ 'ਪ੍ਰਭਾਤੀ ਤਾਰਾ' (Korona Kaal Di Shreshth Rachna 'Prabhati Tara'), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 32-36.*

*Journal URL:* *www.armaan.org.in*

*DOI:* *https://doi.org/10.64119/armaan.vol.4.issue1.06*

*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/